Tender Heart High School, Class- IV (Punjabi)

Chapter-13 Gurpreet Kaur


ਪਿਆਰੇ ਵਿਦਿਆਰਥੀਓ, (1)

ਸਾਰਿਆਂ ਨੂੰ ਪਿਆਰ ਭਰੀ ਸਤਿ ਸ੍ਰੀ ਅਕਾਲ। ਮੈਂ, ਗੁਰਪ੍ਰੀਤ ਕੌਰ ਅੱਜ ਤੁਹਾਨੂੰ ਚੌਥੀ ਜਮਾਤ ਦੇ ਪੰਜਾਬੀ ਵਿਸ਼ੇ ਨਾਲ ਪਾਠ-13 'ਹੋੜਾ' ਦੀ ਮਾਤਰਾ ਬਾਰੇ ਜਾਣਕਾਰੀ ਦੇਣ ਜਾ ਰਹੀ ਹਾਂ। ਇਹ ਪਾਠ ਤੁਹਾਡੀ ਪੰਜਾਬੀ ਪਾਠ-ਪੁਸਤਕ 'ਸੁੱਚੇ ਮੋਤੀ" ਦੇ ਪੰਨਾ ਨੰਬਰ-41 ਤੇ ਦਰਜ ਹੈ। ਹੋੜਾ ਦੀ ਮਾਤਰਾ ਦੀ ਅਵਾਜ਼ 'ਓ' ਵਰਗੀ ਹੁੰਦੀ ਹੈ। ਜਿਸ ਅੱਖਰ ਨਾਲ ਹੋੜਾ ਲੱਗਦਾ ਹੈ ਉਸਦੀ ਅਵਾਜ਼ ਬਦਲ ਜਾਂਦੀ ਹੈ। ਜਿਵੇਂ ਕਿ

1) ਪੋ 2) ਗੋ 3) ਮੋ 4) ਰੋ ਆਦਿ।

ਆਓ, ਹੁਣ ਇਸ ਮਾਤਰਾ ਨੂੰ ਹੋਰ ਚੰਗੀ ਤਰ੍ਹਾਂ ਸਮਝਣ ਲਈ ਤੁਹਾਡੀ ਪਾਠ-ਪੁਸਤਕ ਵਿੱਚ ਦਿੱਤੇ ਕੁਝ ਸ਼ਬਦ ਪੜ੍ਹੀਏ।


## 13 ਹੋੜਾ ( ੋ )



ਮ+ ੋ + ਰ = ਮੋਰ




ਢ+ ੋ + ਲ = ਢੋਲ



ਤ+ ੋ +ਤਾ = ਤੋਤਾ



ਛ+ ੋ +ਲੇ = ਛੋਲੇ



ਘ+ ੋ +ੜਾ = ਘੋੜਾ



ਧ+ ੋ +ਬੀ = ਧੋਬੀ

ਆਓ, ਹੁਣ ਕੁਝ ਹੋਰ ਸ਼ਬਦ ਪੜ੍ਹੀਏ ਅਤੇ ਸਿੱਖੀਏ।




## ਪੜ੍ਹੋ, ਬੋਲੋ ਤੇ ਲਿਖੋ-

| | | | | |
|---|---|---|---|---|
| ਲੋਕ | ਗੋਲ | ਤੋਲ | ਚੋਰ | ਜੋਸ਼ |
| ਗੋਰਾ | ਮੋਟਾ | ਕੋਟ | ਧੋਖਾ | ਗੋਭੀ |
| ਮੋਟਰ | ਧੋਬਣ | ਟੋਕਰੀ | ਰੇਡੀਓ | ਮੋਹਨ |
| ਖ਼ਰਗੋਸ਼ | ਸੋਮਵਾਰ | ਕਮਜ਼ੋਰ | ਅਖਰੋਟ | ਡਰਪੋਕ |

ਆਓ, ਇੱਕ ਕਵਿਤਾ ਪੜ੍ਹੀਏ ਤੇ ਹੋੜਾ ਦੀ ਮਾਤਰਾ ਨੂੰ ਸਮਝੀਏ।

## ਆਓ ਖੇਡੀਏ

ਗੋਲੂ, ਮੋਲੂ, ਭੋਲੂ ਆਓ।
ਆਓ ਸਾਰੇ ਖੇਡਣ ਆਓ।
ਢੋਲ ਵਜਾਓ, ਗੀਤ ਗਾਓ।
ਬਚਪਨ ਦਾ ਸਭ ਮਜ਼ਾ ਉਠਾਓ।
ਰੋਟੀ, ਸਬਜ਼ੀ, ਦਾਲ ਖਾਓ।
ਖੀਰੇ, ਤਰ, ਪਿਆਜ਼ ਖਾਓ।
ਗੋਲ-ਗੋਲ ਟਮਾਟਰ ਖਾਓ।
ਤਾਜ਼ੇ-ਤਾਜ਼ੇ ਫਲ਼ ਵੀ ਖਾਓ।
ਸੇਬ, ਕੇਲਾ, ਪਪੀਤਾ ਖਾਓ।
ਖ਼ੁਸ਼ ਰਹੋ ਤੇ ਸਿਹਤ ਬਣਾਓ।




Tender Heart High School, Class- IV (Punjabi)

Chapter-13 Gurpreet Kaur

## ਅਭਿਆਸ

Last page-3


**1. ਹੇਠ ਦਿੱਤੀਆਂ ਤਸਵੀਰਾਂ ਨੂੰ ਪਛਾਣੋ ਅਤੇ ਉਨ੍ਹਾਂ ਦੇ ਨਾਂ ਲਿਖੋ-**



ਖਰਗੋਸ਼ ..........................



ਟੋਕਰੀ ..........................



ਬੋਤਲ ..........................

**2. ਠੀਕ ਸ਼ਬਦ ਚੁਣ ਕੇ ਖ਼ਾਲੀ ਥਾਵਾਂ ਭਰੋ-**

ਰੋਟੀ, ਕੋਇਲ, ਚੋਰ, ਮੋਟਾ, ਗੋਲ

(ੳ) ...ਕੋਇਲ...... ਗਾ ਰਹੀ ਹੈ।

(ਅ) ਉਹ ਆਦਮੀ ...ਮੋਟਾ....... ਹੈ।

(ੲ) ਗੋਪੀ ...ਰੋਟੀ...... ਖਾ ਰਿਹਾ ਹੈ।

(ਸ) ਧਰਤੀ ...ਗੋਲ....... ਹੈ।

(ਹ) .....ਚੋਰ...... ਚੋਰੀ ਕਰਦਾ ਹੈ।

**3. ਸਮਝੋ ਤੇ ਕਰੋ-**

ਮੋਰ - ਤੋਰ, ਹੋਰ

ਲੋਕ - ...ਰੋਕ............ ਠੋਕ............

ਢੋਲ - ...ਗੋਲ............ ...ਕੋਲ............

ਰੋਟੀ - ...ਮੋਟੀ............ ...ਮੋਟੀ............

ਆਓ - ...ਗਾਓ............ ...ਜਾਓ............